**ਪੰਜਾਬ ਸਰਕਾਰ**
**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ**
**(ਸਿਹਤ-1 ਸਾਖਾ)**

**ਹੁਕਮ**

ਪੰਜਾਬ ਰਾਜ ਵਿਚ (ਪੰਜਾਬ ਸਿਵਲ ਮੈਡੀਕਲ ਸਰਵਿਸ ਕਲਾਸ-1) ਕੰਮ ਕਰ ਰਹੇ ਸੀਨੀਅਰ ਮੈਡੀਕਲ ਅਫਸਰਾਂ ਤੋਂ ਬਤੌਰ ਡਿਪਟੀ ਡਾਇਰੈਕਟਰ ਪਦਉਨਤੀਆਂ ਕਰਨ ਲਈ ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 24/02/2020 ਨੂੰ ਹੋਈ ਮੀਟਿੰਗ ਉਪਰੰਤ ਕੀਤੀਆ ਸਿਫਾਰਸਾਂ ਦੇ ਸਨਮੁੱਖ ਹੇਠ ਲਿਖੇ ਸੀਨੀਅਰ ਮੈਡੀਕਲ ਅਫ਼ਸਰਾਂ ਨੂ ਤਨਖਾਹ ਸਕੇਲ 15600-39100+7600/-ਰੁਪਏ ਗ੍ਰੇਡ ਪੇਅ ਵਿੱਚ ਬਤੌਰ ਡਿਪਟੀ ਡਾਇਰੈਕਟਰ ਪਦ-ਉਨਤ ਕੀਤਾ ਜਾਂਦਾ ਹੈ:-

| ਲੜੀ ਨੰ: | ਅਧਿਕਾਰੀ ਦਾ ਨਾਂ ਅਤੇ ਸੇਵਾ ਨੰਬਰ | ਵਿਸ਼ੇਸ਼ ਕਥਨ |
|---|---|---|
| 1. | ਡਾਕਟਰ ਓਮ ਪ੍ਰਕਾਸ਼ ਗੋਜਰਾ, ਸੇਵਾ ਨੰਬਰ 5187 (ਅ.ਜ) | ਆਪਣੀ ਸੀਨੀਆਰਤਾ ਤੇ |
| 2. | ਡਾਕਟਰ ਭੁਪਿੰਦਰ ਕੌਰ, ਸੇਵਾ ਨੰਬਰ 5217 (ਅ.ਜ) | ਆਪਣੀ ਸੀਨੀਆਰਤਾ ਤੇ |

2. ਉਕਤ ਡਿਪਟੀ ਡਾਇਰੈਕਟਰਾਂ ਦੇ ਪਦ-ਉਨਤੀਆਂ ਦੇ ਹੁਕਮ ਹੇਠ ਲਿਖੀਆਂ ਸ਼ਰਤਾਂ ਤੇ ਅਧਾਰਿਤ ਹੋਣਗੇ:-

ੳ) ਡਿਪਟੀ ਡਾਇਰੈਕਟਰ ਦੀਆਂ ਆਸਾਮੀਆਂ ਦੀ ਤਰੱਕੀ ਲਈ ਰੋਸਟਰ ਵਿੱਚ ਬਣਦੇ ਰਾਖਵੇਂ/ਅਣ-ਰਾਖਵੇਂ ਨੁਕਤਿਆਂ ਤੇ ਉਕਤ ਡਾਕਟਰਾਂ ਨੂੰ ਐਡਜਸ਼ਟ ਕੀਤਾ ਜਾਵੇਗਾ।

ਅ) ਇਹ ਹੁਕਮ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸੀਨੀਆਰਤਾ ਸਬੰਧੀ ਦਾਇਰ ਸਿਵਲ ਰਿੱਟ ਪਟੀਸ਼ਨਾਂ ਦੇ ਫੈਸਲਿਆਂ ਤੇ ਆਧਾਰਿਤ ਹੋਣਗੇ। ਭਵਿੱਖ ਵਿੱਚ ਜੇਕਰ ਕੋਈ ਸੀਨੀਆਰਤਾ ਸਬੰਧੀ ਹੋਰ ਤੱਥ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਸਰਕਾਰ ਇਨ੍ਹਾਂ ਪਦ-ਉਨਤੀਆਂ ਦੇ ਹੁਕਮਾਂ ਨੂੰ ਰਿਵਿਊ ਕਰ ਸਕਦੀ ਹੈ।

ੲ) ਇਹ ਹੁਕਮ 85ਵੀਂ ਸੰਵੀਧਾਨਿਕ ਸੋਧ ਨੂੰ ਲਾਗੂ ਕਰਨ ਬਾਰੇ ਸਰਕਾਰ ਵੱਲੋ ਲਏ ਗਏ ਫੈਸਲੇ ਤੇ ਅਧਾਰਿਤ ਹਨ।

ਸ) ਜੇਕਰ ਬਾਅਦ ਵਿੱਚ ਕਿਸੇ ਅਧਿਕਾਰੀ ਵਿਰੁੱਧ ਭੈੜੇ ਕਥਨਾਂ ਬਾਰੇ ਜਾਂ ਵਿਭਾਗੀ ਕਾਰਵਾਈ ਆਦਿ ਦੇ ਚੱਲ ਰਹੇ ਕੇਸਾਂ ਬਾਰੇ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਉਸਦੀ ਹੋਈ ਪਦ-ਉਨਤੀ ਨੂੰ ਮੁੜ ਵਿਚਾਰਿਆ ਜਾਵੇਗਾ।

ਹ) ਜੇਕਰ ਕੋਈ ਅਧਿਕਾਰੀ ਡੈਪੂਟੇਸ਼ਨ ਤੋਂ ਵਾਪਿਸ ਆ ਜਾਂਦਾ ਹੈ ਜਾਂ ਆਸਾਮੀ ਘਟ ਜਾਂਦੀ ਹੈ ਤਾਂ ਸਭ ਤੋਂ ਜੂਨੀਅਰ ਅਧਿਕਾਰੀ ਨੂੰ ਰਿਵਰਟ ਕੀਤਾ ਜਾਵੇਗਾ।

ਕ) ਇਹ ਪਦ-ਉਨਤੀਆਂ ਪ੍ਰਬੰਧਕੀ ਜਰੂਰਤਾਂ ਦੇ ਆਧਾਰ ਤੇ ਵੀ ਮੁੜ ਵਿਚਾਰੀਆਂ ਜਾ ਸਕਦੀਆਂ ਹਨ।

ਖ) ਉਕਤ ਸੀਨੀਅਰ ਮੈਡੀਕਲ ਅਫ਼ਸਰ ਇੱਕ ਸਾਲ ਦੇ ਪਰਖਕਾਲ ਸਮੇਂ ਤੇ ਹੋਣਗੇ।

ਗ) ਉਕਤ ਪਦਉਨਤ ਹੋਏ ਅਫਸਰ ਹੁਕਮ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ ਅੰਦਰ ਆਪਣੀ ਨਵੀਂ ਤੈਨਾਤੀ ਵਾਲੀ ਥਾਂ ਤੇ ਹਾਜ਼ਰ ਹੋਣਗੇ। ਜੇਕਰ ਕੋਈ ਅਧਿਕਾਰੀ ਨਿਸ਼ਚਿਤ ਸਮੇਂ ਅੰਦਰ ਜੁਆਇੰਨ ਨਹੀਂ ਕਰਦਾ ਤਾਂ ਉਸਨੂੰ ਨਿਯਮਾਂ ਅਨੁਸਾਰ 02 ਸਾਲ ਲਈ ਤਰੱਕੀ ਦੇ ਹੱਕ ਤੋਂ ਡੀਬਾਰ ਕਰ ਦਿੱਤਾ ਜਾਵੇਗਾ।